ਜੇ ਤੁਸੀਂ ਕਿਸੇ ਧੋਖਾਧੜੀ ਦੇ ਕਾਰਨ ਕੋਈ ਪੈਸੇ ਗੁਆਏ ਹਨ ਤਾਂ ਸੰਪਰਕ ਕਰੋ

1. EPS ਕੋਲ ਪੁਲਿਸ ਰਿਪੋਰਟ ਦਰਜ ਕਰਨ ਲਈ:
   ਐਡਮਿੰਟਨ ਪੁਲਿਸ ਸਰਵਿਸ 780-423-4567

2. ਕੈਨੇਡਾ ਦੀਆਂ ਹੇਠਲੀਆਂ ਕਰੈ੍ਡਿਟ ਜਾਂਚ ਏਜੰਸੀਆਂ ਨਾਲ, ਉਹਨਾਂ ਨੂੰ ਇਹ ਦੱਸਣ ਲਈ ਕਿ ਤੁਹਾਡੀ ਨਿੱਜੀ ਜਾਣਕਾਰੀ ਨਾਲ ਛੇੜਛਾੜ ਹੋਈ ਹੈ

ਇਕੁਆਫੈਕਸ – 1-800-465-7166
ਟਰਾ੍ਂਸਯੂਨੀਅਨ – 1-800-663-9980

ਅਗਰ ਤੁਸੀਂ ਪੈਸੇ ਨਹੀਂ ਗੁਆਏ ਹਨ ਪਰ ਤੁਹਾਨੂੰ ਸ਼ੱਕ ਹੈ ਕਿ ਤੁਹਾਨੂੰ ਨਿਸ਼ਾਨਾ ਬਣਾਇਆ ਗਿਆ ਹੈ ਤਾਂ ਤੁਸੀਂ

ਕਨੈਡੀਅਨ ਐਂਟੀ ਫਰਾ੍ਡ ਸੈਂਟਰ ਦੇ ਨਾਲ
1-888-495-8501 ਜਾਂ

www.antifraudcentre-centreantifraude.ca 'ਤੇ ਸੰਪਰਕ ਕਰੋ।

ਇਹ ਜਾਂਚ ਕਰਨ ਲਈ ਕਿ ਜਾਣਕਾਰੀ ਲਈ ਕੀਤੀ ਗਈ ਕੋਈ ਮੰਗ ਸੱਚਮੁਚ ਐਡਮਿੰਟਨ ਪੁਲਿਸ ਸਰਵਿਸ ਤੋਂ ਹੀ ਆਈ ਹੈ,

780-423-4567 'ਤੇ ਕਾਲ ਕਰੋ।



EDMONTON
POLICE
SERVICE

780-423-4567

# ਧੋਖਾਧੜੀ

## ਧੋਖਾਧੜੀ ਦੀ ਰੋਕਥਾਮ:

### ਧੋਖਾਧੜੀ, ਆਪਣੇ ਜਾਲ 'ਚ ਫਸਾਉਣ ਅਤੇ ਪਛਾਣ ਦੀ ਚੋਰੀ ਤੋਂ ਬਚਾਅ ਲਈ ਕੁਝ ਮਸਵਰੇ

EDMONTON
POLICE
SERVICE



ਹੋ ਸਕਦਾ ਹੈ ਕਿ ਕੁਝ ਧੋਖੇਬਾਜ਼ ਲੋਕ ਤੁਹਾਡੇ ਨਾਲ ਜਾਂ ਤੁਹਾਡੇ ਪਰਿਵਾਰ ਨਾਲ ਪੁਲਿਸ ਜਾਂ ਦੂਜੇ ਸਰਕਾਰੀ ਕਰਮਚਾਰੀਆਂ ਦਾ ਰੂਪ ਧਾਰ ਕੇ ਸੰਪਰਕ ਕਰਨ ਅਤੇ ਤੁਹਾਡੇ ਕੋਲੋਂ ਪੈਸੇ ਲੈਣ ਦੀ ਕੋਸ਼ਸ਼ ਕਰਨ। ਉਹ ਤੁਹਾਡੇ ਨਾਲ ਵੱਖ ਵੱਖ ਤਰੀਕਿਆਂ ਨਾਲ ਸੰਪਰਕ ਕਰ ਸਕਦੇ ਹਨ ਜਿਨ੍ਹਾਂ ਵਿੱਚ ਫੋਨ, ਈਮੇਲ, ਟੈਕਸਟ ਅਤੇ ਸੋਸ਼ਲ ਮੀਡਿਆ ਸ਼ਾਮਲ ਹਨ। ਇਹ ਲੋਕ ਤੁਹਾਡੀ ਬੋਲੀ ਵੀ ਬੋਲ ਸਕਦੇ ਹਨ ਅਤੇ ਤੁਹਾਨੂੰ ਇਹ ਲਗ ਸਕਦਾ ਹੈ ਕਿ ਇਹ ਕਾਲ ਸੱਚਮੁਚ ਪੁਲਿਸ ਵਲੋਂ ਜਾ ਕਿਸੇ ਹੋਰ ਸਰਕਾਰੀ ਫੋਨ ਨੰਬਰ ਤੋਂ ਆਈ ਹੈ।




ਤੁਹਾਡੇ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਹੋ ਜਿਹੀਆਂ ਸਰਕਾਰੀ ਸੰਸਥਾਵਾਂ, ਜਿਵੇਂ **ਇਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ, ਕੈਨੇਡਾ ਰੈਵਿਨਿਊ ਏਜੰਸੀ** (CRA), **ਐਡਮਿੰਟਨ  ਪੁਲਿਸ ਸਰਵਿਸ** (EPS), **ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ** (RCMP) ਅਤੇ ਦੂਜੀਆਂ ਪੁਲਿਸ ਏਜੰਸੀਆਂ:

-> ਕੋਈ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਡਿਪੋਰਟ ਕਰਨ ਜਾਂ ਪਰਿਵਾਰ ਦੇ ਮੈਂਬਰਾਂ ਨੂੰ ਗਿਰਫ਼ਤਾਰ ਕਰਨ ਦੀ ਧਮਕੀ **ਨਹੀਂ** ਦਿੰਦੀਆਂ,

-> ਫੋਨ, ਈਮੇਲ ਜਾਂ ਸੋਸ਼ਲ ਮੀਡਿਆ ਰਾਹੀ ਟੈਕਸਾਂ ਜਾਂ ਜੁਰਮਾਨਿਆਂ ਦੇ ਫੌਰਨ ਭੁਗਤਾਨ ਦੀ ਮੰਗ **ਨਹੀਂ** ਕਰਦੀਆਂ; ਅਤੇ

-> ਬਿਟ-ਕੌਇਨ, ਗਿਫ਼ਟ ਕਾਰਡ, ਈ-ਮੇਲ ਜਾਂ ਮਨੀ ਟਰਾਂਸਫਰ ਨੂੰ ਭੁਗਤਾਨ ਦਾ ਸਹੀ ਰੂਪ **ਨਹੀਂ** ਮੰਨਦੀਆਂ।

ਫੋਨ 'ਤੇ, ਈਮੇਲ, ਟੈਕਸਟ ਜਾਂ ਸੋਸ਼ਲ ਮੀਡਿਆ ਰਾਹੀਂ ਕਿਸੇ ਨੂੰ ਨਿੱਜੀ ਜਾਣਕਾਰੀ ਜਾਂ ਬੈਂਕਿੰਗ ਜਾਣਕਾਰੀ ਨਾ ਦਿਓ। ਧੋਖੇਬਾਜ਼ ਲੋਕਾਂ ਨੂੰ ਇਹ ਜਾਣਕਾਰੀ ਦੇਣ ਨਾਲ ਤੁਹਾਡੇ ਪੈਸਿਆਂ ਦਾ ਨੁਕਸਾਨ ਹੋ ਸਕਦਾ ਹੈ ਜਾਂ ਤੁਹਾਡੀ ਪਛਾਣ ਦੀ ਚੋਰੀ ਹੋ ਸਕਦੀ ਹੈ।